# ਇਹਨਾਂ ਦੇ ਨਾਲ ONDC ਨੈਟਵਰਕ ਲਾਈਵ ਹੈ

## 3 ਲੱਖ + ਵਿਕ੍ਰੇਤਾ / ਸੇਵਾ ਪ੍ਰਦਾਤਾ

## 1 ਕਰੋੜ + ਐਸਕੇਯੂ 500+ ਸ਼ਹਿਰਾਂ ਤੋਂ

**ਓਐਨਡੀਸੀ ਨੈਟਵਰਕ** ਪ੍ਰੋਡਕਟ ਸ਼੍ਰੇਣੀਆਂ ਅਤੇ ਸ਼ਹਿਰਾਂ ਵਿੱਚ ਤੇਜ਼ੀ ਨਾਲ ਵੱਧ ਰਿਹਾ ਹੈ।



#VocalForLocal | #AtmanirbharBharat

### ਵਿਕ੍ਰੇਤਾ ਨੈਟਵਰਕ ਭਾਗੀਦਾਰ

ਉਹ ਤੁਹਾਨੂੰ ਰਜਿਸਟਰ ਕਰ ਕੇ ਉਹਨਾਂ ਦੇ ਵਿਕ੍ਰੇਤਾ ਐਪਲੀਕੇਸ਼ਨ 'ਤੇ ਲਿਆਉਣਗੇ ਤਾਂਕਿ ਤੁਸੀਂ ਆਪਣੇ ਪ੍ਰੋਡਕਟਸ ਔਨਲਾਈਨ ਵੇਚ ਸਕੋ, ਓਐਨਡੀਸੀ ਨੈਟਵਰਕ ਦੇ ਰਾਹੀਂ।

### ਖਰੀਦਦਾਰ ਨੈਟਵਰਕ ਭਾਗੀਦਾਰ

ਇਹਨਾਂ ਐਪਲੀਕੇਸ਼ਨਸ 'ਤੇ ਸ਼ਾਪਿੰਗ ਕਰ ਰਹੇ ਖਰੀਦਦਾਰ ਉਹ ਪ੍ਰੋਡਕਟਸ ਖਰੀਦ ਸਕਦੇ ਹਨ ਜੋ ਤੁਸੀਂ ਓਐਨਡੀਸੀ ਨੈਟਵਰਕ ਦੇ ਰਾਹੀਂ ਵੇਚ ਰਹੇ ਹੋ।

### ਲੌਜਿਸਟਿਕਸ ਸੇਵਾ ਪ੍ਰਦਾਤਾ

ਤੁਸੀਂ ਅਨੇਕਾਂ ਲੌਜਿਸਟਿਕਸ ਸੇਵਾ ਪ੍ਰਦਾਤਾ ਤੋਂ ਆਪਣੇ ਮਨ ਪਸੰਦ ਦੀਆਂ ਡੀਲੀਵਰੀ ਸੇਵਾਵਾਂ ਚੁਣ ਸਕਦੇ ਹੋ, ਜਿਸ ਦੁਆਰਾ ਤੁਸੀਂ ਆਪਣੇ ਪ੍ਰੋਡਕਟਸ ਗਾਹਕਾਂ ਤੱਕ ਡੀਲੀਵਰ ਕਰ ਸਕਦੇ ਹੋ।

**ਸਕੈਨ ਕਰੋ ਅਤੇ ਨੈਟਵਰਕ ਭਾਗੀਦਾਰਾਂ ਨਾਲ ਕਨੈਕਟ ਕਰੋ**

***ਸਕੈਨ ਕਰੋ ਜਾਂ +91 81309 35050 'ਤੇ 'HI' ਕਰੋ ਅਤੇ ਓਐਨਡੀਸੀ ਨੈਟਵਰਕ 'ਤੇ ਵਿਕਰੀ ਕਿਵੇਂ ਕਰਨੀ ਹੈ ਇਹ ਸਿੱਖਣ ਲਈ ਓਐਨਡੀਸੀ ਸਹਾਇਕ ਨਾਲ ਗੱਲ ਕਰੋ।***

ONDC
Open Network for Digital Commerce

ਓਪਨ ਨੈਟਵਰਕ ਫੌਰ ਡਿਜਿਟਲ ਕਾਮਰਸ @ 2023
ਡੀਪੀਆਈਆਈਟੀ ਦੁਆਰਾ ਇੱਕ ਪਹਿਲ

ਵਧੇਰੀ ਜਾਣਕਾਰੀ ਲਈ, ਸਾਡੇ ਨਾਲ ਇੱਥੇ ਸੰਪਰਕ ਕਰੋ:
team@ondc.org

@ondc_official   @ondc ltd.
@open network for digital commerce (ondc)   @ondc_official

ਵਿਜ਼ਿਟ ਕਰੋ www.ondc.org/sellers
ਓਐਨਡੀਸੀ ਨੈਟਵਰਕ ਦੇ ਰਾਹੀਂ ਸਾਰੇ ਭਾਰਤ ਵਿੱਚ ਦੂਜੇ ਵਿਕ੍ਰੇਤਾ ਦੇਖਣ ਲਈ

''ਇਹ ਕੇਵਲ ਜਾਣਕਾਰੀ ਮਕਸਦਾਂ ਲਈ ਹੈ।
ਓਐਨਡੀਸੀ ਇਸ ਦੀ ਸੰਪੂਰਨਤਾ ਜਾਂ ਦਰੁਸਤੀ ਬਾਰੇ ਕੋਈ ਦਾਅਵਾ ਨਹੀਂ ਕਰਦਾ।''

ONDC
Open Network for Digital Commerce




# ONLINE BUSINESS

## ਬਣਿਆ ਅਸਾਨ ਅਤੇ ਪਾਰਦਰਸ਼ੀ

ਓਐਨਡੀਸੀ, ਭਾਰਤ ਸਰਕਾਰ ਦੇ ਸਹਿਯੋਗ ਨਾਲ, ਸਾਰੇ ਭਾਰਤ ਵਿੱਚ ਖਰੀਦਦਾਰਾਂ ਨੂੰ ਵੇਚਣ ਅਤੇ ਤੁਹਾਡੇ ਕਾਰੋਬਾਰ ਨੂੰ ਕਈ ਗੁਣਾ ਵਧਾਉਣ ਵਿੱਚ ਤੁਹਾਡੀ ਮਦਦ ਕਰਦਾ ਹੈ।

ਅੱਜ, ਔਨਲਾਈਨ ਕਾਰੋਬਾਰ ਸਥਾਪਤ ਕਰਨ ਵਿੱਚ ਅਨੇਕਾਂ ਈ-ਕਾਮਰਸ ਪਲੈਟਫਾਰਮਾਂ ਦਾ ਹਿੱਸਾ ਹੋਣਾ ਸ਼ਾਮਿਲ ਹੈ, ਜਿੱਥੇ ਤੁਸੀਂ ਉਹਨਾਂ ਦੇ ਨਿਯਮ ਅਤੇ ਸ਼ਰਤਾਂ ਦਾ ਪਾਲਨ ਕਰਨ ਨੂੰ ਮਜਬੂਰ ਹੋ ਜਾਂਦੇ ਹੋ। ਤੁਹਾਡਾ ਕਾਰੋਬਾਰ ਅਜੇ ਵੀ ਪੂਰੀ ਤਰ੍ਹਾਂ ਤੁਹਾਡਾ ਨਹੀਂ ਹੈ, ਕਿਉਂਕਿ ਉਹ ਸ਼ੁਰੂ ਤੋਂ ਲੈਕੇ ਅਖੀਰ ਤੱਕ ਇੱਕੋ ਹੀ ਅਦਾਰੇ ਦੁਆਰਾ ਚਲਾਇਆ ਜਾ ਰਿਹਾ ਹੈ।



## ਚੁਣੌਤੀਆਂ ਜੋ ਮੌਜੂਦਾ ਸਮੇਂ ਤੁਹਾਡੇ ਸਾਹਮਣੇ ਹੋ ਸਕਦੀਆਂ ਹਨ

| ਮੈਂ **ਔਨਲਾਈਨ** ਵਿਕ੍ਰੇਤਾ ਹਾਂ | ਮੈਂ **ਔਫਲਾਈਨ** ਵਿਕ੍ਰੇਤਾ ਹਾਂ |
|---|---|
| ਭੁਗਤਾਨਾਂ ਵਿੱਚ ਦੇਰੀ | ਸੀਮਤ ਭੂਗੋਲਿਕ ਪਹੁੰਚ |
| ਜ਼ਿਆਦਾ ਕਮੀਸ਼ਨਾਂ | ਸਮਾਨ ਨੂੰ ਸਟੋਰ ਕਰਨ ਦੀਆਂ ਵੱਧ ਲਾਗਤਾਂ |
| ਗਾਹਕ ਡੇਟਾ ਤੱਕ ਪਹੁੰਚ ਨਹੀਂ | ਵਾਰ-ਵਾਰ ਦੀ ਵਿਕਰੀ ਨਹੀਂ ਹੁੰਦੀ |
| ਵੱਡੇ ਪਲੈਟਫਾਰਮਾਂ ਦੇ ਨਿਯਮ ਅਤੇ ਸ਼ਰਤਾਂ 'ਤੇ ਚਲਣਾ ਪੈਂਦਾ ਹੈ | ਜ਼ਿਆਦਾ ਖਰੀਦਦਾਰਾਂ ਤੱਕ ਨਹੀਂ ਪਹੁੰਚ ਸਕਦੇ |

**ਜੇ ਤੁਸੀਂ ਅਜਿਹੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹੋ** ਤਾਂ ਓਐਨਡੀਸੀ (ਮੁਨਾਫਾ-ਰਹਿਤ, ਸਰਕਾਰ-ਸਹਿਯੋਗੀ ਪਹਿਲ) ਤੁਹਾਡੇ ਹੱਥਾਂ ਵਿੱਚ ਤਾਕਤ ਦੇਕੇ ਆਪਣਾ ਕਾਰੋਬਾਰ ਬੇਹਤਰ ਚਲਾਉਣ ਵਿੱਚ ਤੁਹਾਡੀ ਮਦਦ ਕਰਨ ਆਇਆ ਹੈ।

## ਸੋ ਓਐਨਡੀਸੀ ਕੀ ਹੈ?

ਓਪਨ ਨੈਟਵਰਕ ਫੌਰ ਡਿਜਿਟਲ ਕਾਮਰਸ (ਓਐਨਡੀਸੀ) **ਕੋਈ ਐਪ ਨਹੀਂ ਹੈ।** ਇਹ, **ਭਾਰਤ ਸਰਕਾਰ ਦੇ ਸਹਿਯੋਗ ਨਾਲ, ਓਪਨ ਨੈਟਵਰਕ ਹੈ,** ਜਿਸ ਨਾਲ ਭਾਰਤ ਵਿੱਚ ਈ-ਕਾਮਰਸ ਵਿੱਚ ਕ੍ਰਾਂਤੀ ਲਿਆਈ ਜਾ ਸਕਦੀ ਹੈ।

- ਅਸੀਂ **ਸਾਰੇ ਵਿਕ੍ਰੇਤਾਵਾਂ ਨੂੰ ਸਮਾਨ ਮੌਕੇ** ਪ੍ਰਦਾਨ ਕਰਦੇ ਹਾਂ ਤਾਂ ਕਿ ਤੁਹਾਨੂੰ ਵੱਡੇ ਖਿਡਾਰੀਆਂ 'ਤੇ ਨਿਰਭਰ ਨਾ ਹੋਣਾ ਪਵੇ।
- ਅਸੀਂ **ਸਾਰੇ ਭਾਰਤ ਵਿੱਚ ਖਰੀਦਦਾਰਾਂ** ਨੂੰ ਤੁਹਾਡੇ ਨਾਲ ਕਨੈਕਟ ਕਰਦੇ ਹਾਂ।
- ਅਸੀਂ ਜ਼ਿਆਦਾ ਕਾਰੋਬਾਰ ਮੌਜੂਦਗੀ, ਵੱਡਾ ਗਾਹਕ ਬੇਸ ਅਤੇ **ਜ਼ਿਆਦਾ ਆਮਦਨੀ** ਦੇਂਦੇ ਹਾਂ।
- ਇਹ ਸਭ ਕੁੱਝ ਹੁੰਦਾ ਹੈ ਇੱਕ ਸਰਲ, **100% ਮੁਫਤ ਔਨਬੋਰਡ ਪ੍ਰਕਿਰਿਆ** ਦੇ ਨਾਲ।

## ਓਐਨਡੀਸੀ ਤੁਹਾਡੇ ਲਈ ਲਾਭਦਾਇਕ ਕਿਵੇਂ ਹੋ ਸਕਦਾ ਹੈ?



| ਮੈਂ **ਔਨਲਾਈਨ** ਵਿਕ੍ਰੇਤਾ ਹਾਂ | ਮੈਂ **ਔਫਲਾਈਨ** ਵਿਕ੍ਰੇਤਾ ਹਾਂ |
|---|---|
| ਕੋਈ ਵੀ ਵਿਕ੍ਰੇਤਾ ਨੈਟਵਰਕ ਭਾਗੀਦਾਰ ਚੁਣੋ ਅਤੇ ਆਪਣੀਆਂ ਸ਼ਰਤਾਂ ਅਨੁਸਾਰ ਕਾਰੋਬਾਰ ਕਰੋ | ਇੱਕ ਵਾਰ ਰਜਿਸਟਰ ਕਰੋ ਅਤੇ ਅਨੇਕਾਂ ਖਰੀਦਦਾਰ ਐਪਲੀਕੇਸ਼ਨਸ 'ਤੇ ਆਪਣੇ ਪ੍ਰੋਡਕਟਸ ਦਿਖਾਓ |
| ਸਮੇਂ ਸਿਰ ਭੁਗਤਾਨ ਪ੍ਰਾਪਤ ਕਰੋ | ਤੁਹਾਡਾ ਕਾਰੋਬਾਰ ਸਾਰੇ ਦੇਸ਼ ਵਿੱਚ ਖਰੀਦਦਾਰਾਂ ਨੂੰ ਨਜ਼ਰ ਆਵੇਗਾ |
| ਔਫਲਾਈਨ ਵਾਂਗ ਹੀ ਆਪਣੇ ਗਾਹਕਾਂ ਨੂੰ ਜਾਣੋ | ਆਪਣੇ ਕਾਰੋਬਾਰ ਅਤੇ ਰੇਟਿੰਗਸ ਨੂੰ ਪ੍ਰਭਾਵਿਤ ਕੀਤੇ ਬਿਨਾ, ਵਿਕ੍ਰੇਤਾ ਐਪਲੀਕੇਸ਼ਨਸ ਬਦਲੀ ਕਰਨ ਦੀ ਲਚਕ |
| ਗਾਹਕ ਹੁਣ ਸਭ ਨੂੰ ਨਜ਼ਰ ਆਉਣਗੇ, ਨਾ ਸਿਰਫ ਵੱਡੀਆਂ ਕੰਪਨੀਆਂ ਨੂੰ | ਕਾਰੋਬਾਰ ਚਲਾਉਣ ਦੀ ਘੱਟ ਲਾਗਤ |

## ਵਾਰ-ਵਾਰ ਪੁੱਛੇ ਜਾਣ ਵਾਲੇ ਸਵਾਲ

### ਓਐਨਡੀਸੀ ਨੈਟਵਰਕ ਦੇ ਰਾਹੀਂ ਮੈਂ ਕਿਵੇਂ ਵੇਚ ਸਕਦਾ ਹਾਂ?

ਇਹ ਇੱਕ ਸਰਲ 4-ਕਦਮ ਵਾਲੀ ਪ੍ਰਕਿਰਿਆ ਹੈ।

**ਕਦਮ 1**

ਓਐਨਡੀਸੀ ਪ੍ਰੋਟੋਕੋਲ ਪਾਲਨ ਕਰਨ ਵਾਲੇ ਵਿਕ੍ਰੇਤਾ ਐਪਲੀਕੇਸ਼ਨ 'ਤੇ ਖੁਦ ਨੂੰ ਰਜਿਸਟਰ ਅਤੇ ਔਨਬੋਰਡ ਕਰੋ।

**ਕਦਮ 2**

ਰਜਿਸਟ੍ਰੇਸ਼ਨ ਪੂਰੀ ਕਰਨ ਲਈ ਆਪਣੇ ਕੇਵਾਯਸੀ ਦਸਤਾਵੇਜ਼ ਪ੍ਰਦਾਨ ਕਰੋ।

**ਚਾਹੀਦੇ ਦਸਤਾਵੇਜ਼ ਹਨ:**

1. ਪੈਨ ਕਾਰਡ
2. ਆਧਾਰ ਕਾਰਡ (ਸਿਰਫ ਦਿੱਲੀ ਲਈ)
3. ਜੀਐਸਟੀ ਸਰਟੀਫਿਕੇਟ
4. ਖਾਤੇ ਦੇ ਵੇਰਵੇ ਲਈ ਕੈਂਸਲ ਕੀਤਾ ਚੈਕ
5. ਐਫਐਸਐਸਏਆਈ (ਐਫ ਐਂਡ ਬੀ ਪੈਕੇਜਡ ਚੀਜ਼ਾਂ ਲਈ ਜ਼ਰੂਰੀ)

**ਕਦਮ 3**

ਰਜਿਸਟ੍ਰੇਸ਼ਨ ਦੇ ਬਾਅਦ, ਵਿਕ੍ਰੇਤਾ ਨੈਟਵਰਕ ਭਾਗੀਦਾਰ ਤੁਹਾਡੇ ਸਾਰੇ ਪ੍ਰੋਡਕਟਸ ਦਾ ਇੱਕ ਡਿਜਿਟਲ ਕੈਟਲਾਗ ਬਣਾਵੇਗਾ। ਤੁਹਾਨੂੰ ਇੱਕ ਵਿਕ੍ਰੇਤਾ ਐਪਲੀਕੇਸ਼ਨ ਤੱਕ ਵੀ ਪਹੁੰਚ ਮਿਲੇਗੀ ਜਿੱਥੇ ਤੁਸੀਂ ਔਨਲਾਈਨ ਆਰਡਰਾਂ ਅਤੇ ਭੁਗਤਾਨਾਂ ਸਬੰਧੀ ਅਸਾਨੀ ਨਾਲ ਕੰਮ ਅਤੇ ਟ੍ਰੈਕ ਕਰ ਸਕਦੇ ਹੋ ਅਤੇ ਆਪਣੀ ਇਨਵੈਂਟਰੀ ਅਪਡੇਟ ਕਰ ਸਕਦੇ ਹੋ।

### ਮੈਂ ਆਪਣੇ ਆਰਡਰ ਕਿੱਥੇ ਦੇਖ ਸਕਦਾ ਹਾਂ?

ਤੁਹਾਨੂੰ ਆਪਣੇ ਵਿਕ੍ਰੇਤਾ ਐਪਲੀਕੇਸ਼ਨ ਦੇ ਡੈਸ਼ਬੋਰਡ 'ਤੇ ਆਰਡਰ ਨੋਟੀਫਿਕੇਸ਼ਨਸ ਪ੍ਰਾਪਤ ਹੋਣਗੇ। ਤੁਸੀਂ ਮਾਲ ਦੀ ਉਪਲੱਬਧਤਾ ਅਤੇ ਹੋਰ ਚੀਜ਼ਾਂ ਦੇ ਅਧਾਰ 'ਤੇ ਆਰਡਰ ਨੂੰ ਸਵੀਕਾਰ ਜਾਂ ਰੱਦ ਕਰਨ ਦੀ ਚੋਣ ਕਰ ਸਕਦੇ ਹੋ। ਨਾਲ ਹੀ ਤੁਸੀਂ ਲਾਈਵ ਆਰਡਰ ਮਾਨੀਟਰ ਕਰ ਸਕਦੇ ਹੋ ਅਤੇ ਆਪਣੇ ਆਰਡਰਾਂ ਦੀ ਡੀਲੀਵਰੀ ਅਵਸਥਾ ਟ੍ਰੈਕ ਕਰ ਸਕਦੇ ਹੋ।

### ਵਿਕ੍ਰੇਤਾ ਐਪਲੀਕੇਸ਼ਨ ਇਸਤੇਮਾਲ ਕਰਨਾ ਮੈਨੂੰ ਕੌਣ ਸਿਖਾ ਸਕਦਾ ਹੈ?

ਆਪਣਾ ਔਨਲਾਈਨ ਕਾਰੋਬਾਰ ਕਿਵੇਂ ਚਲਾਉਣਾ ਹੈ ਅਤੇ ਅੱਗੇ ਵਧਾਉਣਾ ਹੈ ਇਸ ਸਬੰਧ ਵਿੱਚ ਵਿਕ੍ਰੇਤਾ ਨੈਟਵਰਕ ਭਾਗੀਦਾਰ ਟੀਮ ਤੁਹਾਨੂੰ ਸਿਖਾਏਗੀ ਅਤੇ ਤੁਹਾਡੀ ਮਦਦ ਕਰੇਗੀ।

### ਮੈਨੂੰ ਆਪਣਾ ਪੈਸਾ ਕਿਵੇਂ ਮਿਲੇਗਾ?

ਵਿਕ੍ਰੇਤਾ ਨੈਟਵਰਕ ਭਾਗੀਦਾਰ ਦੇ ਨਾਲ ਤੁਹਾਡੀਆ ਵਪਾਰਕ ਸ਼ਰਤਾਂ ਦੇ ਮੁਤਾਬਕ ਆਰਡਰ ਪੂਰਾ ਹੋਣ ਦੇ ਬਾਅਦ ਭੁਗਤਾਨ ਤੁਹਾਡੇ ਬੈਂਕ ਦੇ ਖਾਤੇ ਵਿੱਚ 3-7 ਦਿਨਾਂ ਵਿੱਚ ਹੋ ਜਾਵੇਗਾ।